(i) Printed Pages : 4] Roll No. ..................................

(ii) Questions : 5]

**Sub. Code : 0 4 0 2**

**Exam. Code : 0 0 0 5**

# B.A./B.Sc. (General) 5th Semester Examination

# 1127

## PUNJABI

## (Compulsory)

(For B.A. Candidates only)

**Time : 3 Hours]** **[Max. Marks : 45**

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਧਰਤੀ ਤ ਹੀਰੇ ਨਾਲ ਜੜਤੀ ਪਲਘਿ ਲਾਲ ਜੜਾਉ।।
ਮੋਹਣੀ ਮੁਖਿ ਮਣੀ ਸੋਹੈ ਕਰੈ ਰੰਗਿ ਪਸਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੇ ਨਾਉ।।

ਜਾਂ

ਜਿਸ ਢੂੰਢਿਆ ਤਿਸੁ ਪਾਇਓ ਨਾਹੀ
ਝੂਰ ਝੂਰ ਹੋਇਆ ਮੋਰ।
ਆਪ ਸਾਹਿਬ ਜਿਸ ਨੂੰ ਭਾਲ ਲਏ।
ਮੈਨੂੰ ਉਸੇ ਦੀ ਰਾਤ ਜੋਰ।

ਜਿਹੜਾ ਲੇਖ ਮੱਥੇ ਦਾ ਲਿਖਿਆ

ਕੌਣ ਕਰੇ ਭੰਨ ਤੋੜ।

ਸਾਧੋ ਕਿਸ ਨੂੰ ਕੂਕ ਸੁਣਾਵਾਂ।

ਮੇਰੀ ਬੁੱਕਲ ਦੇ ਵਿਚ ਚੋਰ।

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਦਾ ਸਾਰ ਤੇ ਕੇਂਦਰੀ ਭਾਵ ਲਿਖੋ :

ਬੇੜਾ ਬੰਧਿ ਨ ਸਕਿਓ

ਜਾਂ

ਇਕ ਦਿਨ ਤੈਨੂੰ ਸੁਪਨਾ ਥੀਸਨਿ

2. ਹੇਠ ਲਿਖੇ ਅੱਠ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਦੇ ਸੰਖੇਪ ਉਤਰ ਲਿਖੋ :

(ੳ) 'ਦਿਲਹੁ ਮੁਹਬਤਿ' ਸ਼ਬਦ ਵਿਚੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

(ਅ) ਪਰਮਾਤਮਾ ਦਾ ਅੰਤ ਕੌਣ ਪਾ ਸਕਦਾ ਹੈ ?

(ੲ) 'ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ' ਬਾਣੀ ਵਿਚ ਪ੍ਰਭੂ ਦੀਆਂ ਕਿਹੜੀਆਂ ਕਿਹੜੀਆਂ ਬਖ਼ਸ਼ਿਸ਼ਾ ਦਾ ਵੇਰਵਾ ਹੈ ?

(ਸ) ਗੁਰੂ ਨਾਨਕ ਦੇ ਜਨਮ ਨਾਲ ਆਲੇ-ਦੁਆਲੇ ਉੱਤੇ ਕੀ ਪ੍ਰਭਾਵ ਪਿਆ ?

(ਹ) 'ਚੰਡੀ ਦੀ ਵਾਰ ਦਾ ਰਚਣਹਾਰਾ ਕੌਣ ਹੈ ?

(ਕ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਹੈ ? ਉਸ ਨੇ ਕਿਹੜਾ ਕਿੱਸਾ ਲਿਖਿਆ ?

(ਖ) ਦੁਨੀਆਂ ਦੀਆਂ ਪਦਾਰਥਕ ਵਸਤਾਂ ਦੇ ਮੁਕਾਬਲੇ ਇਸ਼ਕ ਕਿਹੋ ਜਿਹੀ ਚੀਜ਼ ਹੈ ?

(ਗ) ਭਾਬੀਆਂ ਰਾਂਝੇ ਨੂੰ ਕੀ ਤਾਹਨਾ ਦਿੰਦੀਆ ਹਨ।

3. ਹੇਠ ਲਿਖਿਆਂ ਵਿਚੋਂ ਕੋਈ ਇੱਕ ਪੈਰ੍ਹ ਰਚਨਾ ਲਿਖੋ :

(ੳ) ਅਨੁਸ਼ਾਸਨ ਦਾ ਮਹੱਤਵ

(ਅ) ਔਰਤਾਂ ਵਿਰੁੱਧ ਅਪਰਾਧ

(ੲ) ਮੇਲਿਆਂ ਦਾ ਬਦਲਦਾ ਰੂਪ

(ਸ) ਰੁੱਖ, ਮਨੁੱਖ ਤੇ ਵਾਤਾਵਰਣ

4. ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਥੋਂ ਤੱਕ ਢੁਕਵੀਂ ਲਿੱਪੀ ਹੈ ? ਦਲੀਲਾਂ ਸਹਿਤ ਉੱਤਰ ਦਿਓ।

ਜਾਂ

ਗੁਰਮੁਖੀ ਲਿਪੀ ਦੇ ਨਿਕਾਸ ਬਾਰੇ ਜਾਣਕਾਰੀ ਦਿਓ।

5. (ੳ) ਨਾਂਵ-ਵਾਕੰਸ਼ ਦੀਆਂ ਪਛਾਣ, ਵਿਧੀਆਂ ਸੰਬੰਧੀ ਚਰਚਾ ਕਰੋ।

ਜਾਂ

ਅਕਾਲਕੀ ਤੇ ਕਾਲਕੀ ਕਿਰਿਆ-ਵਾਕੰਸ਼ਾ ਬਾਰੇ ਦੱਸੋ।

(ਅ) ਹੇਠ ਲਿਖੇ ਵਾਕਾਂ ਬਾਰੇ ਬ੍ਰੈਕਟਾਂ ਵਿਚ ਪੁੱਛੇ ਗਏ ਪ੍ਰਸ਼ਨਾਂ ਵਿੱਚ ਕਿਸੇ ਦੋ ਦੇ ਉੱਤਰ ਦਿਓ :

(1) ਜਸਬੀਰ ਨੇ ਪਤੰਗ ਉਡਾਇਆ।

(ਕਰਮ ਨਾਂਵ-ਵਾਕੰਸ਼ ਪਛਾਣੋ)

(2) ਮੈਂ ਦੋ ਕਾਪੀਆਂ ਅਤੇ ਇੱਕ ਪੈੱਨ ਖਰੀਦੀਆਂ।

(ਵਾਕ ਨੂੰ ਸ਼ੁਧ ਕਰਕੇ ਲਿਖੋ)

(3) ਬੱਚਾ ਗੀਤ ਗਾਉਂਦਾ ਹੈ।

(ਮੁੱਖ ਕਿਰਿਆ ਤੇ ਸਹਾਇਕ ਕਿਰਿਆ ਦੱਸੋ)

(4) ਉਹ ਵਿਹੜੇ ਵੜਦਿਆਂ ਹੀ ਬੋਲਣ ਲੱਗ ਪਿਆ।

(ਕਾਲਕੀ ਤੇ ਅਕਾਲਕੀ ਕਿਰਿਆ ਰੂਪ ਪਛਾਣੋ)